# ਪਿੱਠ-ਭੂਮੀ 2

ਤੁਰੰਤ ਜਾਰੀ ਕਰਨ ਹਿਤ ਵਿੱਤ ਮੰਤਰਾਲਾ
2021FIN0023-000744
20 ਅਪ੍ਰੈਲ, 2021

**ਬਿਹਤਰ ਸਿਹਤ ਅਤੇ ਮਾਨਸਕ ਸਿਹਤ ਸਾਂਭ-ਸੰਭਾਲ**

ਪਿਛਲੇ ਸਾਲ ਨੇ ਮਜ਼ਬੂਤ ਸਿਹਤ ਅਤੇ ਮਾਨਸਕ ਸਿਹਤ ਸੇਵਾਵਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ।

ਬਜਟ 2021 ਰਾਹੀਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਦਾ ਬਚਾਉ ਕਰਨਾ ਜਾਰੀ ਰੱਖਿਆ ਜਾ ਰਿਹਾ ਹੈ ਅਤੇ ਸਿਹਤ ਅਤੇ ਮਾਨਸਕ ਸਿਹਤ ਦੀ ਸਾਂਭ-ਸੰਭਾਲ ਲਈ ਸਹਾਇਤਾ ਸਾਧਨਾਂ ਨੂੰ ਮਜ਼ਬੂਤ ਬਣਾਉਣ ਲਈ, ਮਾਲੀ ਯੋਜਨਾ ਦੇ ਦੌਰਾਨ $4 ਬਿਲੀਅਨ ਦੇ ਨਵੇਂ ਨਿਵੇਸ਼ਾਂ ਨਾਲ ਉਹ ਸੇਵਾਵਾਂ ਜਿਨ੍ਹਾਂ 'ਤੇ ਲੋਕ ਨਿਰਭਰ ਕਰਦੇ ਹਨ, ਦਾ ਦਾਇਰਾ ਵਧਾਇਆ ਜਾ ਰਿਹਾ ਹੈ। ਇਸ ਵਿੱਚ 2021-22 ਵਿੱਚ ਇੱਕੋ ਵਾਰ ਦਿੱਤੀ ਜਾਣ ਵਾਲੀ $900 ਮਿਲੀਅਨ ਦੀ ਮਾਲੀ ਮਦਦ ਸ਼ਾਮਲ ਹੈ, ਤਾਂ ਕਿ ਕੋਵਿਡ-19 ਨਾਲ ਸਬੰਧਤ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਿਆ ਜਾ ਸਕੇ।

## ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਕੋਵਿਡ-19 ਸਿਹਤ ਸਹਾਇਤਾ ਸਾਧਨ

ਜਦ ਕਿ ਹਰ ਰੋਜ਼ ਵੱਧ ਤੋਂ ਵੱਧ ਲੋਕਾਂ ਦਾ ਟੀਕਾਕਰਣ ਕੀਤਾ ਜਾ ਰਿਹਾ ਹੈ, ਸਰਕਾਰ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਸਖ਼ਤ ਮਿਹਨਤ ਕਰਨਾ ਜਾਰੀ ਰੱਖ ਰਹੀ ਹੈ। ਬਜਟ 2021 ਵਿੱਚ 2021-22 ਵਿੱਚ $900 ਮਿਲੀਅਨ ਨਿਰਧਾਰਤ ਕੀਤੇ ਗਏ ਹਨ, ਤਾਂ ਕਿ ਸੂਬਾ ਸਰਕਾਰ ਦੀ ਕੋਵਿਡ-19 ਮਹਾਮਾਰੀ ਪ੍ਰਤੀ ਚੱਲ ਰਹੀ ਕਾਰਵਾਈ ਵਿੱਚ ਸਹਾਇਤਾ ਮਿਲ ਸਕੇ। ਇਸ ਵਿੱਚ ਇਨ੍ਹਾਂ ਲਈ ਮਾਲੀ ਮਦਦ ਸ਼ਾਮਲ ਹੈ:

- ਸੂਬਾਈ ਟੀਕਾਕਰਣ ਪ੍ਰੋਗਰਾਮ ਤਾਂ ਕਿ ਹਰ ਇੱਕ ਬ੍ਰਿਟਿਸ਼ ਕੋਲੰਬੀਆ ਨਿਵਾਸੀ ਨੂੰ ਆਪਣੀ ਕੋਵਿਡ-19 ਦੀ ਵੈਕਸੀਨ ਹਾਸਲ ਹੋ ਸਕੇ।
- ਟੈੱਸਟ ਕਰਨਾ ਅਤੇ ਸੰਪਰਕ-ਖੋਜ ਕਰਨਾ, ਫ਼ਲੂ ਦੇ ਟੀਕਾਕਰਣ ਦਾ ਦਾਇਰਾ ਵਧਾਉਣਾ, ਬੀ ਸੀ ਸੈਂਟਰ ਫ਼ੌਰ ਡਿਜ਼ੀਜ਼ ਕੰਟਰੋਲ ਅਤੇ ਰੂਰਲ ਐਂਡ ਰਿਮੋਟ ਕੋਲੈਬੋਰੇਟਿਵ ਫ਼ਰੇਮਵਰਕ ਦੀ ਸਮਰੱਥਾ ਨੂੰ ਵਧਾਉਣਾ ਤਾਂ ਕਿ ਗ੍ਰਾਮੀਣ, ਦੂਰ-ਦੁਰਾਡੇ ਅਤੇ ਮੂਲਵਾਸੀ ਭਾਈਚਾਰਿਆਂ ਦੀ ਸਿਹਤ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਹੋ ਸਕੇ।
- ਲੌਂਗ-ਟਰਮ ਕੇਅਰ ਅਤੇ ਅਸਿਸਟਿਡ ਲਿਵਿੰਗ ਸਥਾਨਾਂ ਦੀ, ਜਿਸ ਵਿੱਚ ਸਕਰੀਨਿੰਗ ਸਟਾਫ਼ ਸ਼ਾਮਲ ਹੈ, ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਸਹਾਇਤਾ ਅਤੇ ਬਜ਼ੁਰਗ਼ਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਦੇਣ ਲਈ ਹੋਰ ਵਧੇਰੇ ਨਿਜੀ ਸੁਰੱਖਿਆ ਉਪਕਰਣ ਪ੍ਰਦਾਨ ਕਰਨਾ।

## ਇੱਕ ਤੰਦਰੁਸਤ ਕੱਲ੍ਹ ਲਈ ਬਿਹਤਰ ਸਿਹਤ-ਸੰਭਾਲ

ਬਜਟ 2021 ਨਾਲ ਬੀ ਸੀ ਦੀ ਸਿਹਤ-ਸੰਭਾਲ ਮਜ਼ਬੂਤ ਹੁੰਦਾ ਰਹੇਗੀ ਤਾਂ ਕਿ ਲੋਕ ਭਵਿੱਖ ਦੀਆਂ ਸਿਹਤ ਚੁਣੌਤੀਆਂ ਲਈ ਬਿਹਤਰ ਤਿਆਰੀ ਕਰ ਸਕਣ। ਬਜਟ 2021 ਵਿੱਚ ਸਿਹਤ-ਸੰਭਾਲ ਨੂੰ ਮਾਲੀ ਮਦਦ ਦੇਣ ਲਈ ਤਿੰਨ ਸਾਲਾਂ ਦੌਰਾਨ ਕੀਤਾ ਜਾਣ ਵਾਲਾ $2.6 ਬਿਲੀਅਨ ਦਾ ਨਿਵੇਸ਼ ਸ਼ਾਮਲ ਹੈ, ਜਿਸ ਵਿੱਚ ਸ਼ਾਮਲ ਹੈ:

- $585 ਮਿਲੀਅਨ, ਮਾਲੀ ਯੋਜਨਾ ਦੌਰਾਨ ਹੈੱਲਥ ਕੈਰੀਅਰ ਐਕਸੈੱਸ ਪ੍ਰੋਗਰਾਮ ਰਾਹੀਂ 3,000 ਤੱਕ ਲੋਕਾਂ ਨੂੰ ਸਿਖਲਾਈ ਦੇਣ ਅਤੇ ਭਰਤੀ ਕਰਨ ਲਈ ਜੋ ਸਿਹਤ-ਸੰਭਾਲ ਸਹਾਇਤਾ ਕਾਮੇ ਅਤੇ ਸਹਾਇਕ ਬਣਨਗੇ, ਜਿਸ ਵਿੱਚ ਲੌਂਗ-ਟਰਮ ਕੇਅਰ ਸਥਾਨਾਂ ਦੀ ਸਮਰੱਥਾ ਵਧਾਉਣਾ, ਅਤੇ ਉਨ੍ਹਾਂ ਲੋਕਾਂ ਤੱਕ ਪਹੁੰਚ ਕਰਨਾ ਸ਼ਾਮਲ ਹੈ ਜਿਨ੍ਹਾਂ ਨੇ ਮਹਾਮਾਰੀ ਦੇ ਨਤੀਜੇ ਵੱਜੋਂ ਹੋਰਨਾਂ ਖੇਤਰਾਂ ਵਿੱਚ ਆਪਣੀਆਂ ਨੌਕਰੀਆਂ ਗਵਾਈਆਂ ਹਨ।
- $495 ਮਿਲੀਅਨ, ਮਾਲੀ ਯੋਜਨਾ ਦੌਰਾਨ ਡਾਇਗਨੌਸਟਿਕ ਇਮੇਜਿੰਗ ਅਤੇ ਉਪ੍ਰੇਸ਼ਨ ਕਰਨ ਦੀ ਸਮਰੱਥਾ ਵਧਾਉਣਾ ਜਾਰੀ ਰੱਖਣ ਲਈ ਤਾਂ ਕਿ ਲੋਕਾਂ ਨੂੰ ਲੋੜੀਂਦੇ ਉਪ੍ਰੇਸ਼ਨ ਕਰਨ ਵਿੱਚ ਤੇਜ਼ੀ ਲਿਆਂਦੀ ਜਾ ਸਕੇ।

- $300 ਮਿਲੀਅਨ, ਤਿੰਨ ਸਾਲਾਂ ਦੌਰਾਨ ਕੈਂਸਰ ਦੀ ਦੇਖਭਾਲ, ਫ਼ਾਰਮਾਕੇਅਰ ਅਤੇ ਮੈਡੀਕਲ ਸਰਵਿਸ ਪਲੈਨ ਅਧੀਨ ਸੇਵਾਵਾਂ ਲਈ ਵਧ ਰਹੀ ਮੰਗ ਦੇ ਸਮਾਧਾਨ ਲਈ।
- $253 ਮਿਲੀਅਨ, ਮਾਲੀ ਯੋਜਨਾ ਦੌਰਾਨ ਟੀਮ-ਅਧਾਰਤ ਅਤੇ ਫ਼ੌਰੀ ਮੁਢਲੀ ਦੇਖਭਾਲ ਕੇਂਦਰਾਂ ਵਿੱਚ ਵਾਧਾ ਕਰਨਾ ਜਾਰੀ ਰੱਖਣ ਲਈ ਜੋ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਵਧੇਰੇ ਤੇਜ਼ੀ ਨਾਲ ਡਾਕਟਰਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਤੱਕ ਪਹੁੰਚ ਪ੍ਰਦਾਨ ਕਰਦੇ ਹਨ।
- $45 ਮਿਲੀਅਨ ਦੀ ਤਿੰਨ ਸਾਲਾਂ ਦੌਰਾਨ ਨਵੀਂ ਮਾਲੀ ਮਦਦ, ਸਿਹਤ-ਸੰਭਾਲ ਸਿਸਟਮ ਵਿੱਚ ਸਿਖਲਾਈ ਅਤੇ ਸਿੱਖਿਆ ਦੁਆਰਾ ਅਤੇ ਇੱਕ ਅਜਿਹਾ ਸਿਹਤ-ਸੰਭਾਲ ਕਿਰਤੀਬਲ, ਜੋ ਬੀ ਸੀ ਦੇ ਵਿਭਿੰਨ ਭਾਈਚਾਰਿਆਂ ਦੀ ਬਿਹਤਰ ਪ੍ਰਤੀਨਿਧਤਾ ਕਰਦਾ ਹੋਵੇ, ਦੀ ਭਰਤੀ ਨੂੰ ਤਰਜੀਹ ਦੇ ਕੇ ਵਿਵਸਥਾਗਤ ਮੂਲਵਾਸੀ ਨਸਲਵਾਦ ਦਾ ਸਮਾਧਾਨ ਕਰਨ ਵਿੱਚ ਮਦਦ ਕਰਨ ਲਈ।

ਬੀ ਸੀ ਦੇ ਬਹੁਤ ਸਾਰੇ ਬਜ਼ੁਰਗਾਂ ਲਈ, ਪਿਛਲਾ ਸਾਲ ਵਿਸ਼ੇਸ਼ ਤੌਰ ‘ਤੇ ਇਕੱਲਤਾ-ਪੂਰਣ ਅਤੇ ਮੁਸ਼ਕਲ ਰਿਹਾ ਹੈ।ਬਜ਼ੁਰਗਾਂ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਣ ਲਈ ਸਹਾਇਤਾ ਸਾਧਨਾਂ ਦੀ ਇੱਕ ਮਜ਼ਬੂਤ ਬੁਨਿਆਦ ਦੀ ਮਹੱਤਤਾ ‘ਤੇ ਇਸ ਮਹਾਮਾਰੀ ਨੇ ਰੋਸ਼ਨੀ ਪਾਈ ਹੈ। ਬਜਟ 2021 ਵਿੱਚ ਬਜ਼ੁਰਗਾਂ ਲਈ ਯੋਜਨਾਬੱਧ ਨਿਵੇਸ਼ ਕਰਨਾ ਸ਼ਾਮਲ ਹੈ, ਜਿਸ ਵਿੱਚ ਤਿੰਨ ਸਾਲਾਂ ਦੌਰਾਨ ਕੇਅਰ ਏਡ ਕਾਮਿਆਂ ਅਤੇ ਭਾਈਚਾਰਿਆਂ ਵਿੱਚ ਹੋਰ ਭਾਈਚਾਰਕ ਦੇਖਭਾਲ ਪ੍ਰਦਾਨਕਰਤਾਵਾਂ ਦੀ ਗਿਣਤੀ ਵਧਾ ਕੇ ਬਜ਼ੁਰਗਾਂ ਦੀ ਰੋਜ਼ਾਨਾ ਰਹਿਣ-ਸਹਿਣ ਵਿੱਚ ਸਹਾਇਤਾ ਕਰਨ ਲਈ ਘਰਾਂ ਵਿੱਚ ਗੁਣਵੱਤਾ-ਭਰਪੂਰ ਦੇਖਭਾਲ ਮੁਹੱਈਆ ਕਰਾਉਣ ਲਈ $68 ਮਿਲੀਅਨ ਸ਼ਾਮਲ ਹਨ। ਬਜਟ 2021 ਰਾਹੀਂ $12 ਮਿਲੀਅਨ ਦਾ ਵੀ ਨਿਵੇਸ਼ ਕੀਤਾ ਜਾ ਰਿਹਾ ਹੈ ਤਾਂ ਕਿ ਦਰਮਿਆਨੀਆਂ ਤੋਂ ਬੇਹੱਦ ਪੇਚੀਦਾ ਜ਼ਰੂਰਤਾਂ ਵਾਲੇ ਲੋਕ ਹੋਮ ਹੈੱਲਥ ਮੌਨੀਟਰਿੰਗ ਇਨੀਸ਼ਿਏਟਿਵ ਰਾਹੀਂ ਘਰਾਂ ਵਿੱਚ ਦੇਖਭਾਲ ਹਾਸਲ ਕਰ ਕੇ ਪ੍ਰਤਿਸ਼ਠਾ ਨਾਲ ਆਪਣੀ ਸਿਹਤ ਦਾ ਪ੍ਰਬੰਧਨ ਕਰਨ ਲਈ ਸਮਰੱਥਾ ਪ੍ਰਾਪਤ ਕਰ ਸਕਣ।

## ਬੀ ਸੀ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਮਾਨਸਕ ਸਿਹਤ ਨਿਵੇਸ਼

ਸਰਕਾਰ ਨੇ ਬੀ ਸੀ ਦੇ ਮਾਨਸਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਸਿਸਟਮ ਵਿੱਚ ਪਰਿਵਰਤਨ ਲਿਆਉਣ ਲਈ, ਏ ਪਾਥਵੇਅ ਟੂ ਹੋਪ ਰਾਹੀਂ, ਇੱਕ ਦੀਰਘ-ਕਾਲੀਨ ਯੋਜਨਾ ਆਰੰਭ ਕੀਤੀ। ਕੋਵਿਡ-19 ਅਤੇ ਨਾਜਾਇਜ਼ ਨਸ਼ੀਲੇ ਪਦਾਰਥਾਂ ਦੇ ਜ਼ਹਿਰੀਲੇ ਪ੍ਰਭਾਵ ਦੀਆਂ ਦੋਹਰੀਆਂ ਆਪਾਤ ਸਥਿਤੀਆਂ ਨੇ ਬਹੁਤ ਵਿਆਪਕ ਪੱਧਰ ‘ਤੇ ਜਾਨਾਂ ਲਈਆਂ ਹਨ। ਬਜਟ 2021 ਰਾਹੀਂ ਮਾਨਸਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਸਬੰਧਤ ਸੇਵਾਵਾਂ ਦਾ ਦਾਇਰਾ ਵਧਾਉਣਾ ਜਾਰੀ ਰੱਖਣ ਲਈ $500 ਮਿਲੀਅਨ ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਤਾਂ ਕਿ ਲੋਕਾਂ ਨੂੰ ਸੱਭਿਆਚਾਰਕ ਤੌਰ ‘ਤੇ ਸੁਰੱਖਿਅਤ ਅਤੇ ਪ੍ਰਭਾਵੀ ਅਜਿਹੀ ਦੇਖਭਾਲ ਨਾਲ ਬਿਹਤਰ ਢੰਗ ਨਾਲ ਜੋੜਿਆ ਜਾ ਸਕੇ ਜਿਸ ਦੀ ਉਨ੍ਹਾਂ ਨੂੰ ਜ਼ਰੂਰਤ ਹੈ।

## ਮਾਨਸਕ ਸਿਹਤ ਲਈ ਮਾਲੀ ਮਦਦ

- $97 ਮਿਲੀਅਨ ਸਕੂਲਾਂ, ਨਵੇਂ ਫ਼ਾਉਂਡਰੀ ਸੈਂਟਰਾਂ ਲਈ, ਜੋ ਨੌਜੁਆਨ ਲੋਕਾਂ ਨੂੰ ਉਨ੍ਹਾਂ ਦੇ ਭਾਈਚਾਰੇ ਵਿੱਚ ਸਿਹਤ ਅਤੇ ਤੰਦਰੁਸਤੀ ਪ੍ਰਦਾਨ ਕਰਦੇ ਹਨ, ਮਾਨਸਕ ਸਿਹਤ ਲਈ ਵਧੇਰੇ ਮਾਲੀ ਮਦਦ ਰਾਹੀਂ ਨੌਜੁਆਨਾਂ ਵਾਸਤੇ ਮਾਨਸਕ ਸਿਹਤ ਸਹਾਇਤਾ ਸਾਧਨਾਂ ਦੇ ਇੱਕ ਨੈੱਟਵਰਕ ਅਤੇ 15 ਹੋਰ ਸਕੂਲ ਡਿਸਟ੍ਰਿਕਟਾਂ ਲਈ ਬੱਚਿਆਂ ਅਤੇ ਨੌਜੁਆਨਾਂ ਲਈ ਸੰਯੁਕਤ ਸਹਾਇਤਾ ਟੀਮਾਂ ਬਣਾਉਣ ਲਈ।
- $61 ਮਿਲੀਅਨ ਦੀ ਨਵੀਂ ਮਾਲੀ ਮਦਦ ਤਿੰਨ ਸਾਲਾਂ ਦੌਰਾਨ ਮਾਨਸਕ ਸਿਹਤ ਸੇਵਾਵਾਂ ਤੱਕ ਪਹੁੰਚ ਅਤੇ ਉਨ੍ਹਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ, ਜਿਸ ਵਿੱਚ ਭੋਜਨ ਸਬੰਧਤ ਵਿਕਾਰ ਦੀ ਦੇਖਭਾਲ ਦਾ ਦਾਇਰਾ ਵਧਾਉਣਾ ਅਤੇ ਆਤਮ ਹੱਤਿਆ ਰੋਕਥਾਮ ਸੇਵਾਵਾਂ ਤੱਕ ਬਿਹਤਰ ਪਹੁੰਚ ਅਤੇ ਸਾਈਕੋਸਿਸ ਲਈ ਮੁਢਲੀ ਚਿਕਿਤਸਾ ਵਿਧੀ ਸ਼ਾਮਲ ਹੈ।
- $14 ਮਿਲੀਅਨ ਫ਼ਸਟ ਨੇਸ਼ਨਜ਼ ਸਿਹਤ ਅਧਿਕਰਣ ਲਈ ਤਾਂ ਕਿ ਮੂਲਵਾਸੀ ਲੋਕਾਂ ਨੂੰ ਨਸ਼ਾਖੋਰੀ ਸੇਵਾਵਾਂ ਮੁਹੱਈਆ ਕਰਾਈਆਂ ਜਾ ਸਕਣ।

## ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਓਵਰਡੋਜ਼ ਆਪਾਤ ਕਾਰਵਾਈ

- $330 ਮਿਲੀਅਨ ਮਾਲੀ ਯੋਜਨਾ ਦੌਰਾਨ, ਤਾਂ ਕਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਇਲਾਜ ਅਤੇ ਸਿਹਤਯਾਬੀ ਸੇਵਾਵਾਂ ਦਾ ਇੱਕ ਮੁਕੰਮਲ ਸਪੈਕਟ੍ਰਮ ਪ੍ਰਦਾਨ ਕੀਤਾ ਜਾ ਸਕੇ, ਜਿਸ ਵਿੱਚ ਓਪੀਔਇਡ ਚਿਕਿਤਸਾ ਲਈ $152 ਮਿਲੀਅਨ ਸ਼ਾਮਲ ਹਨ।
- ਵਧੇਰੇ ਲੋਕਾਂ ਨੂੰ ਸਿਹਤਯਾਬੀ ਦੇ ਰਸਤੇ ‘ਤੇ ਤੋਰਨ ਵਿੱਚ ਸਹਾਇਤਾ ਕਰਨ ਲਈ ਪੂਰੇ ਸੂਬੇ ਦੇ ਭਾਈਚਾਰਿਆਂ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਸਿਹਤਯਾਬੀ ਲਈ 195 ਨਵੇਂ ਬੈੱਡ।

## ਨਵੇਂ ਸਿਹਤ ਬੁਨਿਆਦੀ ਢਾਂਚੇ ਵਿੱਚ ਨਿਵੇਸ਼

ਮਾਲੀ ਯੋਜਨਾ ਦੀ ਅਵਧੀ ਦੇ ਦੌਰਾਨ $7.8 ਬਿਲੀਅਨ ਦੇ ਪੂੰਜੀਗਤ ਨਿਵੇਸ਼ਾਂ ਰਾਹੀਂ ਬਜਟ 2021 ਬੇਹੱਦ ਜ਼ਰੂਰੀ ਸਿਹਤ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨ ‘ਤੇ ਨਿਰੰਤਰ ਕੇਂਦ੍ਰਿਤ ਰਹੇਗਾ। ਇਨ੍ਹਾਂ ਨਿਵੇਸ਼ਾਂ ਰਾਹੀਂ ਨਵੇਂ ਵੱਡੇ ਨਿਰਮਾਣ ਪ੍ਰਜੈਕਟਾਂ ਲਈ ਅਤੇ ਸਿਹਤ ਸਹੂਲਤਾਂ, ਡਾਕਟਰੀ ਅਤੇ ਡਾਇਗਨੌਸਟਿਕ ਉਪਕਰਣ ਅਤੇ ਤਕਨਾਲੋਜੀ ਸਿਸਟਮਾਂ ਦਾ ਪੱਧਰ ਵਧਾਉਣ ਵਿੱਚ ਮਦਦ ਮਿਲੇਗੀ। ਸਿਹਤ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਵਿੱਚ ਨਵਾਂ ਸਰੀ ਹਸਪਤਾਲ ਅਤੇ ਕੈਂਸਰ ਸੈਂਟਰ ਅਤੇ ਨਵਾਂ ਸੇਂਟ ਪੌਲਜ਼ ਹਸਪਤਾਲ ਅਤੇ ਕੋਵੀਚੈਨ ਡਿਸਟ੍ਰਿਕਟ, ਡਾਸਨ ਕਰੀਕ ਅਤੇ ਡਿਸਟ੍ਰਿਕਟ, ਟੈਰੇਸ ਅਤੇ ਸਟੁਆਰਟ ਲੇਕ ਵਿੱਚ ਵੀ ਨਵੇਂ ਹਸਪਤਾਲ ਸ਼ਾਮਲ ਹਨ। ਬਰਨਬੀ ਹਸਪਤਾਲ, ਕੈਮਲੂਪਸ ਦੇ ਰੌਇਲ ਇਨਲੈਂਡ ਹਸਪਤਾਲ, ਪੈਨਟਿੰਕਟਨ ਰਿਜਨਲ ਹਸਪਤਾਲ ਅਤੇ ਕੈਰਿਬੂ ਮੈਮੋਰੀਅਲ ਹਸਪਤਾਲ ਵਿੱਚ ਮਰੀਜ਼ਾਂ ਲਈ ਨਵੀਆਂ ਥਾਂਵਾਂ ਵੀ ਨਿਵੇਸ਼ਾਂ ਵਿੱਚ ਸ਼ਾਮਲ ਹਨ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710

---